# ਵਾਹਿਗੁਰੂ ਜਪੁ ਮੰਤ੍ਰ ਜਪਾਵੈ

## ਸਤਿਜੁਗ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ।

ਇਹ ਪੰਕਤੀਆਂ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ੪੯ਵੀਂ ਪਉੜੀ ਹਨ।
ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਸਤਿਜੁਗ ਤੋਂ ਕਲਿਜੁਗ ਤਕ ਗੁਰ-ਜੋਤਿ ਦੀ ਨਿਰੰਤਰਤਾ ਦਸੀ ਹੈ ਕਿ ਕਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਪਿਛਲੇ ਜੁਗਾਂ ਵਿਚ ਪਾਰਬ੍ਰਹਮ ਪਰਮੇਸ਼ਰ ਦੀ ਕਾਰ ਕਰਦੇ ਰਹੇ। ਨਾਂ ਵਖਰੇ ਵਖਰੇ ਹਨ ਪਰ ਕਾਰਜ ਤਾਂ ਉਹੀ ਹੈ, ਭਗਤਾਂ ਦੀ ਪੈਜ ਰਖਣਾ ਤੇ ਉਧਾਰ ਕਰਨਾ ਅਤੇ ਸ੍ਰਿਸ਼ਟੀ ਵਿਚ ਸਮਤੋਲ ਬਣਾਈ ਰਖਣਾ। ਇਹ ਗੁਰ-ਜੋਤਿ ਦੀ ਨਿਰੰਤਰਤਾ ਗੁਰਬਾਣੀ ਵਿਚ ਥਾਂ ਥਾਂ ਤੇ ਆਈ ਹੈ ਜਿਸਨੂੰ ਪਿਛਲੇ ਕਈ ਸਬਦਾਂ ਦੀ ਵਿਆਖਿਆ ਕਰਦਿਆਂ ਦਰਜ ਕੀਤਾ ਜਾ ਚੁਕਿਆ ਹੈ। ਕਈ ਸਜਣਾਂ ਦਾ ਇਹ ਕਹਿਣਾ ਬਿਲਕੁਲ ਉਚਿਤ ਅਤੇ ਤਰਕਸੰਗਤ ਨਹੀਂ ਕਿ ਭਾਈ ਗੁਰਦਾਸ ਜੀ ਦੀਆਂ ਇਨ੍ਹਾਂ ਪੰਕਤੀਆਂ ਵਿਚ ਬ੍ਰਾਹਮਣਵਾਦ ਹੈ। ਭਾਈ ਗੁਰਦਾਸ ਜੀ ਦੀ ਇਹ ਪਉੜੀ ਸਮਝਣ ਲਈ, ਗੁਰਬਾਣੀ ਵਿਚ ਦਸੀ, ਗੁਰ-ਜੋਤਿ ਦੀ ਨਿਰੰਤਰਤਾ ਸਮਝਣੀ ਜ਼ਰੂਰੀ ਹੈ।
– ਭਾਈ ਗੁਰਦਾਸ ਜੀ ਦਸਦੇ ਹਨ ਕਿ ਸ੍ਰੀ ਗੁਰੂ ਨਾਨਕ ਸਾਹਿਬ, ਸਤਿਗੁਰੂ, ਸਤਿਜੁਗ ਵਿਚ ਆਏ ਸਨ ਉਦੋਂ ਉਹ ਵਾਸਦੇਵ ਅਖਵਾਏ ਸਨ ਅਤੇ ਲੋਕ ਵਿਸਨਾ, ਬਿਸਨ ਜਾਂ ਵਿਸ਼ਣੂ ਨਾਮ ਜਪਣ ਲਗ ਗਏ। ਇਥੇ ਵਿਸ਼ਣੂ ਦਾ ਭਾਵ, ਬਿਲਕੁਲ ਵੀ ਤ੍ਰੈਦੇਵ ਵਾਲੇ ਵਿਸ਼ਣੂ ਦੇਵਤੇ ਨਾਲ ਨਹੀਂ, ਸਗੋਂ ਨਾਰਾਇਣ ਨਾਲ ਹੈ, ਜਿਸਨੂੰ ਬਾਅਦ ਵਿਚ ਰਾਮ, ਕ੍ਰਿਸ਼ਨ, ਹਰੀ, ਗੋਵਿੰਦ ਆਦਿ ਨਾਵਾਂ ਨਾਲ ਪੁਕਾਰਿਆ ਗਿਆ। ਭਾਈ ਗੁਰਦਾਸ ਜੀ ਅਨੁਸਾਰ 'ਵਾਹਗੁਰੂ' ਦਾ 'ਵਵਾ' ਇਥੋਂ ਲਿਆ ਗਿਆ।
ਭਾਈ ਗੁਰਦਾਸ ਜੀ ਨੇ, ਇਹ ਨਾਂ, ਪਹਿਲੀ ਵੇਰ ਨਹੀਂ ਲਏ। ਗੁਰਬਾਣੀ ਵਿਚ ਇਹ ਨਾਂ, ਥਾਂ ਥਾਂ ਲਏ ਗਏ ਹਨ।
ਸ੍ਰੀ ਗੁਰੂ ਨਾਨਕ ਸਾਹਿਬ ਆਪ ਹੀ ਵਾਸਦੇਵ ਨੂੰ ਪਰਮੇਸ਼ਰ ਦਾ ਵੇਸ ਲੈ ਕੇ ਸ੍ਰਿਸ਼ਟੀ ਵੇਖਣ ਆਇਆ ਲਿਖਿਆ ਹੈ, ਠੀਕ ਉਸੇ ਤਰ੍ਹਾਂ, ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਲਿਖਦੇ ਹਨ – 'ਦੇਖਨ ਆਯੋ ਜਗਤ ਤਮਾਸਾ।।' ਇਸੇ ਤਰ੍ਹਾਂ ਵਾਸਦੇਵ ਜੀ ਵੀ

ਨਾਰਾਇਣ ਰੂਪ ਹੋ ਕੇ ਆਏ ਅਤੇ ਜਗਤ ਵਿਚ ਵਿਆਪਕ ਹੋਏ – 'ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸ ਕੀਆ।। ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ।।', ਪੰਨਾ ੪੩੪.
ਭਗਤ ਕਬੀਰ ਜੀ ਨੇ ਵਿਸ਼ਣੂ ਦੀ ਥਾਂ 'ਬਿਸਨ' ਸ਼ਬਦ ਗੁਰ-ਜੋਤਿ ਲਈ ਹੀ ਵਰਤਿਆ ਹੈ। ਜਿਵੇਂ ਨੌਵੇਂ ਪਾਤਸ਼ਾਹ ਨੇ ਦ੍ਰੋਪਦੀ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਨਾਮ ਦੀ 'ਸੁਧ ਆਈ' ਨੂੰ 'ਰਾਮ ਨਾਮ ਦੀ ਸੁਧ' ਦਸਿਆ ਹੈ, ਉਸੇ ਤਰ੍ਹਾਂ ਬਿਸਨ, ਭਾਵ ਸਤਿਗੁਰੂ ਦੇ ਨਾਮ ਨੂੰ ਸਿਮਰਣ ਦੀ ਗਲ ਕਰ ਰਹੇ ਹਨ। ਇਸ ਤੋਂ ਵੀ ਵਧ ਕੇ ਉਹ ਬਿਸਨਤਨਾ, ਭਾਵ ਭਗਤ ਦੀ ਗਲ ਕਰਦੇ ਹਨ ਕਿ ਜੋ ਵੀ ਭਗਤ, ਬਿਸਨ ਦੇ, ਭਾਵ ਨਾਰਾਇਣ ਦੇ ਗੁਣ ਗਾਉਂਦਾ ਹੈ ਉਸ ਨੂੰ ਉਹ ਭਗਵਾਨ ਜੀ ਮਿਲ ਪੈਂਦੇ ਹਨ, ਭਾਵ ਪਰਮ ਸਚ ਦੀ ਪ੍ਰਾਪਤੀ ਹੋ ਜਾਂਦੀ ਹੈ – 'ਵਵਾ ਬਾਰ ਬਾਰ ਬਿਸਨ ਸਮ੍ਹਾਰਿ।। ਬਿਸਨ ਸੰਮ੍ਹਾਰਿ ਨ ਆਵੈ ਹਾਰਿ।। ਬਲਿ ਬਲਿ ਜੇ ਬਿਸਨਤਨਾ ਜਸੁ ਗਾਵੈ।। ਵਿਸਨ ਮਿਲੇ ਸਭ ਹੀ ਸਚੁ ਪਾਵੈ।।', ਪੰਨਾ ੩੪੨.
ਪੰਜਵੇਂ ਪਾਤਸ਼ਾਹ ਨੇ ਗੁਰ-ਜੋਤਿ ਨੂੰ ਉਸ ਵਕਤ ਦੇ ਬਾਸੁਦੇਵ ਕਹਿ ਕੇ, ਨਾਰਾਇਣ ਨੂੰ ਸੰਬੋਧਨ ਕੀਤਾ ਹੈ – 'ਨਾਰਾਇਣ ਨਰਹਰ ਦਇਆਲ।। ਰਮਤ ਰਾਮ ਘਟ ਘਟ ਆਧਾਰ।। ਬਾਸੁਦੇਵ ਬਸਤ ਸਭ ਠਾਇ।। ਲੀਲਾ ਕਿਛੁ ਲਖੀ ਨ ਜਾਇ।।', ਪੰਨਾ ੮੯੭
ਇਹ ਸਭ ਕੁਝ ਸਮਝਣ ਲਈ ਇਕ ਤੱਥ ਹੋਰ ਇਹ ਸਮਝਣਾ ਜ਼ਰੂਰੀ ਹੈ ਕਿ ਗੁਰਬਾਣੀ ਵਿਚ ਜ਼ਿਆਦਾਤਰ ਨਾਂ, ਅਕਾਲ ਪੁਰਖ ਅਤੇ ਗੁਰ-ਜੋਤਿ ਲਈ ਸਾਂਝੇ ਵਰਤੇ ਗਏ ਹਨ ਅਤੇ ਜ਼ਿਆਦਾ ਵੇਰ ਤਾਂ ਇਹ ਵੀ ਆਭਾਸ ਨਹੀਂ ਹੁੰਦਾ ਕਿ ਦੋਨਾਂ ਵਿਚੋਂ ਉਹ ਨਾਮ ਕਿਸ ਲਈ ਵਰਤਿਆ ਗਿਆ ਹੈ। ਕਈ ਵੇਰ ਦੋਹਾਂ ਲਈ ਹੀ ਵਰਤਿਆ ਗਿਆ ਹੁੰਦਾ ਹੈ, ਜਿਵੇਂ ਹਰਿ, ਰਾਮ, ਗੋਪਾਲ ਗੋਬਿੰਦ, ਮੁਰਾਰੀ, ਬੀਠਲ, ਨਾਰਾਇਣ, ਬਨਵਾਰੀ, ਸਿਆਮ ਸੁੰਦਰ, ਕੇਸ਼ਵ ਮਾਧਵ, ਮੋਹਣੀ, ਗਿਰਧਰ, ਸੁਆਮੀ, ਕਵਲਾਪਤੀ, ਬਿਸਨ, ਠਾਕੁਰ, ਰਿਖੀਕੇਸ, ਨਰ ਸਿੰਘ, ਧਰਣੀਧਰ, ਬਨਵਾਲੀ, ਮੁਰਲੀ ਮਨੋਹਰ, ਮਧੂਸੂਦਨ, ਜਗਜੀਵਨ, ਬਾਸੁਦੇਵ, ਸ੍ਰੀਰੰਗ, ਸਾਂਵਲ ਸੁੰਦਰ, ਸਾਰਿੰਗਧਰ, ਆਦਿ। ਇਹ ਇਸ ਲਈ, ਕਿਉਂਕਿ, ਦੋਹਾਂ ਵਿਚ ਭੇਦ ਕਰਨਾ, ਮਨੁਖੀ ਬੁਧੀ ਲਈ ਮੁਮਕਿਨ ਹੀ ਨਹੀਂ। ਇਕ ਪਾਰਬ੍ਰਹਮ ਪਰਮੇਸ਼ਰ ਹੈ ਤੇ ਦੂਜਾ ਗੁਰ ਪਰਮੇਸ਼ਰ; ਪਹਿਲਾ ਨਿਰਗੁਣ ਤੇ ਦੂਜਾ ਸਰਗੁਣ (ਨਿਰਗੁਨੁ ਆਪਿ ਸਰਗੁਨੁ ਭੀ ਓਹੀ); ਪਹਿਲਾ ਅਦ੍ਰਿਸ਼ਟਾ ਦੂਜਾ ਆਪਣੀ ਮਰਜ਼ੀ ਨਾਲ ਦ੍ਰਿਸ਼ਟਮਾਨ; ਜਨਮ ਲੈ ਕੇ ਆਇਆ, ਦਿਸਦਾ, ਪਰ ਅਜਨਮਾ ਹੈ (ਜਨਮ ਮਰਣ ਦੁਹਹੂ ਮਹਿ ਨਾਹੀ ਜਨ...) , ਗੁਰ-ਜੋਤਿ, ਅਕਾਲ ਪੁਰਖ ਦਾ ਹੀ ਦ੍ਰਿਸ਼ਟਮਾਨ

ਸਰੂਪ ਹੈ – 'ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ' ਹੀ ਹੈ। ਇਥੋਂ ਤਕ ਕਿ ਦੋਹਾਂ ਵਿਚੋਂ ਕਿਸੇ ਦਾ ਵੀ ਧਿਆਨ ਧਰਨਾ ਜਾਂ ਸਿਮਰਨ ਕਰਨਾ ਵੀ ਇਕੋ ਹੀ ਗਲ ਹੈ – 'ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ', 'ਜਪ੍ਉ ਜਿਨ੍ ਅਰਜੁਨ ਦੇਵ ਗੁਰੂ', 'ਗੁਰੁ ਨਾਨਕ ਲਈ ਧਿਆਇ', 'ਸਿਮਰੌ ਸ੍ਰੀ ਹਰਿਰਾਇ', 'ਸ੍ਰੀ ਹਰਿਕ੍ਰਿਸ਼ਨ ਧਿਆਈਐ', 'ਤੇਗ ਬਹਾਦਰ ਸਿਮਰਿਐ'– ਇਸ ਗਲ ਦਾ ਸੂਚਕ ਹਨ ਕਿ ਇਨ੍ਹਾਂ ਦਾ ਸਿਮਰਣ ਵੀ ਅਕਾਲ ਪੁਰਖ ਦਾ ਸਿਮਰਨ ਹੀ ਹੈ। ਇਹੀ ਗੁਰ-ਜੋਤਿ ਹੀ ਸ੍ਰਿਸ਼ਟੀ ਦਾ ਕਰਤਾ ਹੀ ਹੈ, ਅਤੇ ਇਸ ਨੂੰ ਚਲਾ ਵੀ ਰਿਹਾ ਹੈ – 'ਧਨਿ ਧਨਿ ਓ ਰਾਮ ਬੇਨੁ ਬਾਜੈ'।
ਜਿਤਨਾ ਮਰਜ਼ੀ ਬਿਆਨ ਕਰ ਲਈਏ ਪਰ ਅਖੀਰ ਤੇ ਇਹੀ ਕਹਿਣਾ ਪਏਗਾ ਕਿ 'ਕਥਨਾ ਕਰੜਾ ਸਾਰੁ'।

ਪਵਿਤਰ ਬਾਈਬਲ ਵਿਚ ਵੀ, ਜੀਸੱਸ, Son of God ਨੂੰ God Manifest, ਜਾਂ God ਦਾ ਦ੍ਰਿਸ਼ਟਮਾਨ ਸਰੂਪ ਜਾਂ God with us ਕਿਹਾ ਗਿਆ ਹੈ। ਸ਼ਾਇਦ, ਗਲ, ਮਿਲਦੀ ਜੁਲਦੀ ਜਾਪਦੀ ਹੈ ।

## ਦੁਆਪੁਰਿ ਸਤਿਗੁਰ ਹਰੀ ਕ੍ਰਿਸਨ ਹਾਹਾ ਹਰਿ ਹਰਿ ਨਾਮੁ ਜਪਾਵੈ।

– ਭਾਈ ਗੁਰਦਾਸ ਜੀ ਅਨੁਸਾਰ ਜਦੋਂ ਸਤਿਗੁਰੂ ਨਾਨਕ ਸਾਹਿਬ, ਦੁਆਪਰ ਜੁਗ ਵਿਚ ਸ੍ਰੀ ਕ੍ਰਿਸ਼ਨ ਜੀ ਦਾ ਨਾਂ ਰਖਾਅ ਕੇ ਆਏ ਤਾਂ ਹਰੀ ਹਰੀ ਜਾਂ ਹਰਿ ਹਰਿ ਨਾਮ ਜਪਣਾ ਪ੍ਰਸਿਧ ਹੋ ਗਿਆ। ਇਥੋਂ 'ਵਾਹਗੁਰੂ' ਦਾ 'ਹ' ਲਿਆ ਗਿਆ।
ਗੁਰ-ਜੋਤਿ ਦਾ ਸ੍ਰੀ ਕ੍ਰਿਸ਼ਨ ਜੀ ਦੇ ਰੂਪ ਵਿਚ ਆਉਣਾ, ਗੁਰਬਾਣੀ ਵਿਚ ਕਈ ਥਾਂ ਅੰਕਿਤ ਹੈ, ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੇ ਗੁਰੂ ਨਾਨਕ ਤੂੰ ਤ੍ਰੇਤੇ ਜੁਗ ਵਿਚ ਸ੍ਰੀ ਰਾਮ ਰਘੂਵੰਸ਼ੀ ਕਹਾਇਆ ਅਤੇ ਦੁਆਪਰ ਜੁਗ ਵਿਚ ਸ੍ਰੀ ਕ੍ਰਿਸ਼ਨ ਮੁਰਾਰੀ ਅਤੇ ਕਲਿਜੁਗ ਵਿਚ ਗੁਰੂ, ਨਾਨਕ, ਅੰਗਦ, ਅਮਰ ਦਾਸ – 'ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ।। ਦੁਆਪਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ।। ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ।। ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ।।'

## ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖੁ ਪਾਵੈ।

– ਇਸੇ ਤਰ੍ਹਾਂ ਭਾਈ ਸਾਹਿਬ ਜੀ ਨੇ, ਤ੍ਰੇਤੇ ਜੁਗ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦੇ ਰਾਮ ਰਘੂਵੰਸ਼ੀ ਰੂਪ ਵਿਚ ਆਉਣ ਕਰਕੇ, ਰਾਮ ਰਾਮ ਜਪਣ ਨਾਲ ਸੁਖ ਦੀ ਪ੍ਰਾਪਤੀ ਹੁੰਦੀ ਦਸੀ ਹੈ। 'ਵਾਹਗੁਰੂ' ਸ਼ਬਦ ਦਾ 'ਰਾਰਾ' ਅਖਰ ਉਥੋਂ ਲਿਆ ਦਸਦੇ ਹਨ।

## ਕਲਿਜੁਗਿ ਨਾਨਕ ਗੁਰ ਗੋਵਿੰਦ ਗਗਾ ਗੋਵਿੰਦ ਨਾਮੁ ਅਲਾਵੈ*।

ਅਖੀਰ ਤੇ ਭਾਈ ਗੁਰਦਾਸ ਜੀ ਕਲਿਜੁਗ ਵਿਚ ਇਸੇ ਗੁਰ-ਜੋਤਿ ਦਾ ਗੁਰੂ ਨਾਨਕ ਦੇ ਸਰੂਪ ਵਿਚ ਆਉਣਾ ਦਸਦੇ ਹਨ।
– ਕਲਿਜੁਗ ਵਿਚ ਗੁਰੂ ਨਾਨਕ, ਗੁਰੂ ਗੋਵਿੰਦ ਦੇ ਸਰੂਪ ਵਿਚ ਆਏ ਅਤੇ ਗੋਵਿੰਦ ਨਾਮ ਅਲਾਇਆ। ਅਤੇ ਇਸ ਤਰ੍ਹਾਂ ਇਥੋਂ 'ਵਾਹਗੁਰੂ' ਸ਼ਬਦ ਦਾ 'ਗਗਾ' ਲਿਆ ਗਿਆ।
ਹੁਣ, ਭਾਈ ਗੁਰਦਾਸ ਜੀ ਵਰਗੇ ਮਹਾਂਪੁਰਖ ਬਾਰੇ ਇਹ ਸਵਾਲ ਖੜ੍ਹਾ ਕਰਨਾ ਹੀ ਉਚਿਤ ਨਹੀਂ ਕਿ ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਬਾਰੇ ਪਹਿਲਾਂ ਹੀ ਕਿਸ ਤਰ੍ਹਾਂ ਲਿਖ ਦਿਤਾ। ਉਨ੍ਹਾਂ ਨੇ ਤਾਂ ਨਾਨਕ ਦੀ ਜੋਤਿ ਦਾ ਜੁਗ ਜੁਗ ਤਕ ਜਾਰੀ ਰਹਿਣਾ ਵੀ ਲਿਖ ਦਿਤਾ – 'ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ।।' ਇਹ ਗਲ ਆਮ ਰਹੀ ਹੈ ਕਿ ਪਿਛਲੇ ਮਹਾਤਮਾਵਾਂ ਨੂੰ, ਨਾ ਸਿਰਫ਼ ਆਉਣ ਵਾਲੇ ਮਹਾਤਮਾਵਾਂ ਬਾਰੇ ਪਤਾ ਹੀ ਹੁੰਦਾ ਹੈ, ਕਈ ਵੇਰ ਉਹ ਉਨ੍ਹਾਂ ਦੇ ਆਉਣ ਬਾਰੇ ਪਹਿਲਾਂ ਹੀ ਦਸ ਵੀ ਜਾਂਦੇ ਹਨ।

## ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ।

– ਇਹ ਚਾਰੇ, ਅਕਾਲ ਪੁਰਖ ਦੇ ਜਾਗੇ ਹੋਏ ਸਰੂਪ, ਇਸ ਸੰਸਾਰ ਤੇ ਚਹੁੰ ਜੁਗਾਂ ਵਿਚ ਆਏ, ਵਿਚਰੇ ਅਤੇ ਮੁੜ ਆਪਣੇ ਨਿਜ ਵਿਚ ਸਮਾ ਗਏ।

## ਚਾਰੋ ਅਛਰ ਇਕੁ ਕਰਿ ਵਾਹਿਗੁਰੂ ਜਪੁ ਮੰਤ੍ਰ ਜਪਾਵੈ*।

– ਉਪਰ ਦਿਤੇ ਚਾਰੇ ਅਖਰ ਇਕ ਕਰਕੇ ਪਾਤਸ਼ਾਹ ਨੇ 'ਵਾਹਿਗੁਰੂ' ਮੰਤਰ ਦਾ ਜਾਪ ਜਪਾ ਦਿਤਾ।

## ਜਹਾਂ ਤੇ ਉਪਜਿਆ ਫਿਰਿ ਤਹਾਂ ਸਮਾਵੈ ॥੪੯॥੧॥

– ਇਹ 'ਵਾਹਿਗੁਰੂ' ਮੰਤਰ ਦਾ ਜਾਪ ਜਪਣ ਵਾਲਾ ਮਨੁਖ, ਇਸ ਦੇ ਜਾਪ ਕਰ ਕੇ, ਜਿਥੋਂ ਉਪਜਿਆ ਹੈ, ਉਸੇ ਵਿਚ ਹੀ ਲੀਨ ਹੋ ਜਾਂਦਾ ਹੈ।

ਮਹਾਤਮਾਵਾਂ ਦੀਆਂ ਲਿਖਤਾਂ ਮਹਾਤਮਾ ਹੀ ਜਾਣਦੇ ਹਨ। ਉਨ੍ਹਾਂ ਵਿਚ ਪਏ ਗੂੜ੍ਹ ਰਹੱਸ ਨੂੰ ਬੁਧੀ ਰਾਹੀਂ ਪੂਰਣ ਤੌਰ ਤੇ ਜਾਣ ਲੈਣਾ ਸੰਭਵ ਹੀ ਨਹੀਂ ਹੋ ਸਕਦਾ, ਉਪਰਾਲਾ ਹੀ ਕੀਤਾ ਜਾ ਸਕਦਾ ਹੈ, ਪਰ ਪੂਰੀ ਤਰ੍ਹਾਂ ਜਾਣਨ ਲਈ ਮਨ ਦੀਆਂ ਅੱਖਾਂ ਦਾ ਖੁਲ੍ਹਣਾ ਜ਼ਰੂਰੀ ਹੈ ਅਤੇ ਇਸ ਦੀ ਵਿਧੀ ਹੈ, ਜੋ ਗੁਰਬਾਣੀ ਵਿਚ ਸਮਝਾਈ ਵੀ ਗਈ ਹੈ।

ਅਖਰ ਵਾਧਾ ਘਾਟਾ ਭੁਲ ਚੁਕ ਲਈ ਸਤਿਗੁਰੂ ਪਾਸੋਂ ਖਿਮਾ ਦੀ ਜਾਚਨਾ ਹੈ। – 'ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ।।'

Last modified: 10:31 am